Punjab Government Gazette

Published by Authority

No. 12] CHANDIGARH, FRIDAY, MARCH 20, 2026 (PHALGUNA 29, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਕਿਰਤ ਵਿਭਾਗ

(ਕਿਰਤ ਸ਼ਾਖਾ)

ਅਧਿਸੂਚਨਾ

ਮਿਤੀ 3 ਜਨਵਰੀ, 2024

ਨੰ: Labour-LabOESTB/61/2020-1L/I/753113/2024.–ਜਿਵੇਂ ਕਿ ਸਰਕਾਰ ਦੀ ਨੋਟੀਫਿਕੇਸ਼ਨ ਨੰ: G.S.R.79/ Const./ Art.309/ 2023 ਮਿਤੀ 03–07–2023 ਰਾਹੀਂ ਪੰਜਾਬ ਲੇਬਰ ਵਿਭਾਗ (ਗਰੁੱਪ–ਸੀ) ਨਿਯਮਾਂ ਦੀ ਬਣਤਰ ਕੀਤੀ ਗਈ ਹੈ। ਇਨ੍ਹਾਂ ਨਿਯਮਾਂ ਦੇ ਲੜੀ ਨੰ:7 ਵਿੱਚ ਕਿਰਤ ਇੰਸਪੈਕਟਰ ਗ੍ਰੇਡ–1 ਦੀ ਅਸਾਮੀ ਤੇ ਨਿਯੁਕਤ ਹੋਣ ਵਾਲੇ ਉਮੀਦਵਾਰਾਂ ਲਈ ਵਿਭਾਗੀ ਪ੍ਰੀਖਿਆ ਪਾਸ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਭਾਗੀ ਪ੍ਰੀਖਿਆ ਸਬੰਧੀ ਰੂਪ– ਰੇਖਾ ਹੇਠਾਂ ਦਰਜ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ:–

1) ਵਿਭਾਗ ਵਿੱਚ ਨਿਯੁਕਤ ਹੋਣ ਵਾਲੇ ਕਿਰਤ ਇੰਸਪੈਕਟਰ ਗ੍ਰੇਡ–1(ਸਿੱਧੀ ਭਰਤੀ/ਪਦਉੱਨਤੀ/ਬਾਈ ਟ੍ਰਾਂਸਫਰ ਆਦਿ) ਕਾਰਡ ਦੇ ਹਰੇਕ ਕਰਮਚਾਰੀ ਨੂੰ ਵਿਭਾਗੀ ਪ੍ਰੀਖਿਆ ਪਾਸ ਕਰਨ ਦੇ ਕੁੱਲ 04 ਮੌਕੇ ਮਿਲਣਯੋਗ ਹੋਣਗੇ ਅਤੇ ਹਰੇਕ ਕਰਮਚਾਰੀ ਵੱਲੋਂ ਪੰਜਾਬ ਸਿਵਲ ਸੇਵਾਵਾਂ (ਆਮ ਤੇ ਸਾਂਝੀਆਂ ਸ਼ਰਤਾਂ) ਨਿਯਮਾਂਵਲੀ 1994 ਤਹਿਤ ਆਪਣੇ ਪਰਖਕਾਲ ਸਮੇਂ ਦੌਰਾਨ ਇਹ ਵਿਭਾਗੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।

2) ਵਿਭਾਗੀ ਪ੍ਰੀਖਿਆ ਸਾਲ ਵਿੱਚ 02 ਵਾਰ ਕੰਡਕਟ ਕਰਵਾਈ ਜਾਵੇਗੀ,ਜਿਸ ਸਬੰਧੀ ਸਮਾਂ– ਸਾਰਣੀ ਅਤੇ ਸਥਾਨ ਆਦਿ ਦਾ ਵੇਰਵਾ ਸਰਕਾਰ ਵੱਲੋਂ ਪ੍ਰੀਖਿਆ ਤੋਂ ਲਗਭਗ 01 ਮਹੀਨਾ ਪਹਿਲਾਂ ਦਫਤਰੀ ਹੁਕਮਾਂ ਰਾਹੀਂ ਜਾਰੀ ਕੀਤਾ ਜਾਵੇਗਾ।

3) ਇਸ ਵਿਭਾਗੀ ਪ੍ਰੀਖਿਆ ਲਈ ਹਰੇਕ ਪ੍ਰੀਖਿਆਰਥੀ ਵੱਲੋਂ 03 ਪੇਪਰ ਪਾਸ ਕਰਨੇ ਲਾਜ਼ਮੀ ਹੋਣਗੇ। ਹਰੇਕ ਪੇਪਰ 100 ਅੰਕਾਂ ਦਾ ਹੋਵੇਗਾ ਅਤੇ ਇਸ ਵਿੱਚੋਂ ਪਾਸ ਹੋਣ ਲਈ 33 ਅੰਕ ਹਾਸਲ ਕਰਨੇ ਹੋਣਗੇ। ਇਸ ਦੇ ਨਾਲ ਹੀ ਪ੍ਰੀਖਿਆਰਥੀ ਦੇ ਇਨ੍ਹਾਂ ਤਿੰਨਾਂ ਪੇਪਰਾਂ ਵਿੱਚੋਂ 40 ਪ੍ਰਤੀਸ਼ਤ ਅੰਕ (ਐਗਰੀਗੇਟ) ਬਣਦੇ ਹੋਣੇ ਚਾਹੀਦੇ ਹਨ। ਹਰੇਕ ਪੇਪਰ ਲਈ 02 ਘੰਟੇ ਦਾ ਸਮਾਂ ਹੋਵੇਗਾ। ਵਿਭਾਗੀ ਪ੍ਰੀਖਿਆ ਦੌਰਾਨ ਕੋਈ ਵੀ ਕਿਤਾਬ ਜਾਂ ਹੋਰ ਮਦਦ ਸਮਾਨ ਦੀ ਮਨ੍ਹਾਹੀ ਹੋਵੇਗੀ।

4) ਜੇਕਰ ਕਿਸੇ ਪ੍ਰੀਖਿਆਰਥੀ ਵੱਲੋਂ ਉਕਤ ਲੜੀ ਨੰ:3) ਅਨੁਸਾਰ ਨਿਰਧਾਰਤ ਅੰਕ ਹਾਸਲ ਨਹੀਂ ਕੀਤੇ ਜਾਂਦੇ ਪ੍ਰੰਤੂ ਕਿਸੇ

ਇੱਕ ਪੇਪਰ ਵਿੱਚ 50 ਤੋਂ ਵੱਧ ਅੰਕ ਹਾਸਲ ਕੀਤੇ ਜਾਂਦੇ ਹਨ ਤਾਂ ਇਸ ਪੇਪਰ ਵਿੱਚ ਕਰਮਚਾਰੀ ਨੂੰ ਮੁੜ ਤੋਂ ਅਪੀਅਰ ਹੋਣ ਤੋਂ ਛੋਟ ਮਿਲਣਯੋਗ ਹੋਵੇਗੀ। ਇਹ ਛੋਟ ਸਰਕਾਰ ਵੱਲੋਂ ਕਰਮਚਾਰੀ ਦੀ ਪ੍ਰਤੀਬੇਨਤੀ ਪ੍ਰਾਪਤ ਹੋਣ ਤੇ ਤੱਥਾਂ ਦੇ ਅਧਾਰ ਤੇ ਦਿੱਤੀ ਜਾਵੇਗੀ।

5) ਵਿਭਾਗੀ ਪ੍ਰੀਖਿਆ ਦਾ ਨਤੀਜਾ ਸਰਕਾਰ ਵੱਲੋਂ ਦਫਤਰੀ ਹੁਕਮਾਂ ਰਾਹੀਂ ਜਾਰੀ ਕੀਤਾ ਜਾਵੇਗਾ, ਜਿਸ ਵਿੱਚ ਸਮੂਹ ਪ੍ਰੀਖਿਆਰਥੀਆਂ ਵੱਲੋਂ ਹਰੇਕ ਪੇਪਰ ਵੱਲੋਂ ਪ੍ਰਾਪਤ ਕੀਤੇ ਅੰਕ ਅਤੇ ਐਗਰੀਗੇਟ ਅੰਕਾਂ ਆਦਿ ਦਾ ਵੇਰਵਾ ਵੀ ਦਰਜ ਕੀਤਾ ਜਾਵੇਗਾ।

6) ਵਿਭਾਗੀ ਪ੍ਰੀਖਿਆ ਦਾ ਸਿਲੇਬਸ ਸਰਕਾਰ ਵੱਲੋਂ ਜਾਰੀ ਕੀਤਾ ਜਾਵੇਗਾ ਅਤੇ ਇਸਨੂੰ ਸਮੇਂ ਸਮੇਂ ਦੇ ਅਪਡੇਟ ਜਾਂ ਬਦਲਣ ਲਈ ਸਰਕਾਰ ਵੱਲੋਂ ਵਿਭਾਗ ਪੱਧਰ ਤੇ ਕਮੇਟੀ ਦਾ ਗਠਨ ਕੀਤਾ ਜਾਵੇਗਾ। ਵਿਭਾਗੀ ਪ੍ਰੀਖਿਆ ਦੇ ਪੇਪਰ ਸੈੱਟ ਕਰਨ, ਪੇਪਰ ਚੈੱਕ ਕਰਨ ਅਤੇ ਪ੍ਰੀਖਿਆ ਕੰਡਕਟ ਕਰਵਾਉਣ ਲਈ ਸਰਕਾਰ ਵੱਲੋਂ ਵਿਸ਼ੇਸ਼ ਤੌਰ ਤੇ ਸ਼ਰਤਾਂ/ਬਾਨ੍ਹਾਂ ਸਹਿਤ ਡਿਊਟੀਆਂ ਲਗਾਈਆਂ ਜਾਣਗੀਆਂ।

7) ਵਿਭਾਗੀ ਪ੍ਰੀਖਿਆ ਲਈ ਸਮੁੱਚੀ ਸਟੇਸ਼ਨਰੀ ਅਤੇ ਹੋਰ ਸੰਸਾਧਨਾਂ ਦਾ ਪ੍ਰਬੰਧ ਅਤੇ ਇਸ ਦਾ ਖਰਚਾ ਕਿਰਤ ਕਮਿਸ਼ਨਰ ਵੱਲੋਂ ਸਰਕਾਰ ਦੀ ਪ੍ਰਵਾਨਗੀ ਨਾਲ ਕੀਤਾ ਜਾਵੇਗਾ।

8) ਜੇਕਰ ਕੋਈ ਕਰਮਚਾਰੀ ਕਿਸੇ ਨਾ-ਟਾਲਣਯੋਗ ਕਾਰਨਾਂ ਕਰਕੇ ਵਿਭਾਗੀ ਪ੍ਰੀਖਿਆ ਦਾ ਕੋਈ ਪੇਪਰ ਦੇਣ ਤੋਂ ਛੋਟ ਲੈਣਾ ਚਾਹੁੰਦਾ ਹੈ ਤਾਂ ਇਸ ਸਬੰਧੀ ਕਰਮਚਾਰੀ ਵੱਲੋਂ ਨਿਯੁਕਤੀ ਕਰਤਾ ਅਥਾਰਟੀ ਪਾਸੋਂ ਪੂਰਵ ਪ੍ਰਵਾਨਗੀ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਬਿਨ੍ਹਾਂ ਪ੍ਰਵਾਨਗੀ ਪ੍ਰਾਪਤ ਕੀਤੇ ਕਿਸੇ ਪੇਪਰ ਵਿੱਚੋਂ ਗੈਰ- ਹਾਜ਼ਰ ਰਹਿਣ ਵਾਲੇ ਪ੍ਰੀਖਿਆਰਥੀ ਦਾ ਮੌਕਾ ਲੈਪਸ ਹੋਇਆ ਮੰਨਿਆ ਜਾਵੇਗਾ।

3. ਇਸ ਵਿਭਾਗੀ ਪ੍ਰੀਖਿਆ ਸਬੰਧੀ ਬਾਕੀ ਸ਼ਰਤਾਂ ਅਤੇ ਬਾਨ੍ਹਾਂ (ਜੇਕਰ ਕੋਈ ਹੋਣ) ਵਿਭਾਗੀ ਜਰੂਰਤਾਂ ਦੇ ਮੱਦੇਨਜ਼ਰ ਧਿਆਨ ਵਿੱਚ ਆਉਣ ਤੇ ਬਾਅਦ ਵਿੱਚ ਨਿਰਧਾਰਤ ਕੀਤੀਆਂ ਜਾਣਗੀਆਂ।

ਮਨਵੇਸ਼ ਸਿੰਘ ਸਿੱਧੂ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਕਿਰਤ ਵਿਭਾਗ।

ਚੰਡੀਗੜ੍ਹ
ਮਿਤੀ 2 ਜਨਵਰੀ, 2024

3664/3-2026/Pb. Govt. Press, S.A.S. Nagar